بِسۡمِ اللّٰہِ الرَّحۡمٰنِ الرَّحِیۡمِ      نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ      وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 01.11.2019

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

''ਪੋਪ ਸਧਾਰਣ ਤੌਰ'ਤੇ ਅਮਨ ਦੀ ਗੱਲ ਕਰਦਾ ਹੈ ਪਰ ਆਪਦੇ ਖ਼ਲੀਫ਼ਾ ਨੇ ਖੁੱਲ੍ਹੇਆਮ ਮਹਾਸ਼ਕਤੀਆਂ ਨੂੰ ਸੰਬੋਧਨ ਕਰਕੇ ਗੱਲ ਕੀਤੀ ਹੈ''

''ਵਾਸਤਵ ਵਿੱਚ ਉਹ ਖ਼ਿਲਾਫ਼ਤ ਦੇ ਸੁਲਤਾਨੇ ਨਸੀਰ ਸਨ''

ਮੁਕਰੱਮ ਕੇ. ਮਹਮੂਦ ਅਹਮਦ ਸਾਹਬ ਮੁਬਲੱਗ਼ ਸਿਲਸਿਲਾ ਕੇਰਾਲਾ ਦੇ ਸਦਗੁਣਾ ਦਾ ਜ਼ਿਕਰ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 1 ਨਵੰਬਰ 2019 ਈ. ਨੂੰ ਮਸਜਿਦ ਮੁਬਾਰਕ, ਇਸਲਾਮ ਆਬਾਦ (ਬਰਤਾਨੀਆ) ਵਿੱਚ ਦਿਤਾਂ**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ : ਬੀਤੇ ਦਿਨੀ ਮੈਂ ਯੂਰੋਪ ਦੇ ਕੁਝ ਦੇਸ਼ਾਂ ਦੇ ਦੌਰੇ'ਤੇ ਗਿਆ ਸੀ ਜਿੱਥੇ ਦੋ ਦੇਸ਼ਾਂ ਹਾਲੈਂਡ ਅਤੇ ਫ਼੍ਰਾਂਸ ਦੇ ਸਾਲਾਨਾ ਜਲਸੇ ਵੀ ਸਨ, ਇਸ ਤੋਂ ਬਿਨਾ ਮਸਜਿਦਾਂ ਦੇ ਉਦਘਾਟਨ ਅਤੇ ਹੋਰ ਪ੍ਰੋਗਰਾਮ ਗ਼ੈਰਾਂ ਨਾਲ ਵੀ ਹੁੰਦੇ ਰਹੇ । ਫ਼੍ਰਾਂਸ ਵਿੱਚ ਯੂਨੈਸਕੋ ਦੀ ਇਮਾਰਤ ਵਿੱਚ ਪ੍ਰੋਗਰਾਮ ਹੋਇਆ, ਜਿਸ ਵਿੱਚ ਇਲਾਮੀ ਸਿੱਖਿਆ ਵਰਨਣ ਕਰਨ ਅਤੇ ਵਿਦਿਅਕ ਤੇ ਵਿਗਿਆਨਕ ਤਰੱਕੀ ਵਿੱਚ ਮੁਸਲਮਾਨਾ ਦੇ ਰੋਲ ਨੂੰ ਵਰਨਣ ਕਰਨ ਦੀ ਵੀ ਤੌਫ਼ੀਕ ਮਿਲੀ । ਇਸੇ ਪ੍ਰਕਾਰ ਬਰਲਿਨ ਵਿੱਚ ਇਕ ਪ੍ਰੋਗਰਾਮ ਵਿੱਚ ਰਾਜਨੇਤਾਵਾਂ ਅਤੇ ਪੜ੍ਹੇ ਲਿਖੇ ਲੋਕਾਂ ਨੂੰ ਇਸਲਾਮੀ ਤਾਲੀਮ ਬਾਰੇ ਦੱਸਿਆ ਗਿਆ ਜਿਸਦੀ ਉਹਨਾ'ਤੇ ਡੂੰਘੀ ਤੇ ਧਨਾਤਮਕ ਪ੍ਰਤੀਕਿਰਿਆ ਦੇਖਣ ਨੂੰ ਮਿਲੀ । ਉਸ ਸਮੇਂ ਦੇ ਕੁਝ ਗ਼ੈਰਾਂ ਦੇ ਪ੍ਰਭਾਵ ਵਰਨਣ ਕਰਾਂਗਾ, ਜਿਸ ਤੋਂ ਪ੍ਰਕਟ ਹੁੰਦਾ ਹੈ ਕਿ ਉਹਨਾ ਲੋਕਾਂ ਨੂੰ ਇਸਲਾਮ ਦੀ ਹਕੀਕੀ ਤਾਲੀਮ ਨੂੰ ਸਮਝਣ ਦਾ ਹਰ ਥਾਂ ਮੌਕਾ ਮਿਲਿਆ ।

ਹਾਲੈਂਡ ਵਿੱਚ ਜਲਸੇ ਦੇ ਦੂਜੇ ਦਿਨ ਇਕ ਪ੍ਰੋਗਰਾਮ ਵਿੱਚ ਡੱਚ ਮਹਿਮਾਨਾ ਨਾਲ ਸੰਬੋਧਨ ਹੋਣ ਦਾ ਮੌਕਾ ਮਿਲਿਆ । 125 ਗ਼ੈਰ ਮੁਸਲਿਮ ਡੱਚ ਮਹਿਮਾਨ ਸ਼ਾਮਲ ਹੋਏ । ਰੋਟਰਡਮ ਸ਼ਹਿਰ ਤੋਂ ਆਉਣ ਵਾਲੇ ਇਕ ਮਹਿਮਾਨ ਹੀਮੈਨ ਮੈਟਰ ਸਾਹਬ ਨਾ ਕਿਹਾ ਕਿ ਜਲਸੇ ਵਿੱਚ ਆਉਣ ਤੋਂ ਪਹਿਲਾਂ ਮੈਂ ਘਬਰਾਇਆ ਹੋਇਆ ਸੀ ਕਿ ਇਸ ਜਲਸੇ ਵਿੱਚ ਮੁਸਲਮਾਨ ਇਕੱਠੇ ਹੋ ਰਹੇ ਹਨ ਪਤਾ ਨਹੀਂ ਕੀ ਹੋਵੇਗਾ, ਪਰ ਇੱਥੇ ਆਣਕੇ ਬਹੁਤ ਹੈਰਾਨੀ ਹੋਈ ਕਿ ਅਮਨ

ਦੀਆਂ ਗਲੱਾਂ ਹੋ ਰਹੀਆਂ ਹਨ । ਪੋਪ ਸਾਧਾਰਣ ਤੌਰ'ਤੇ ਅਮਨ ਦੀ ਗੱਲ ਕਰਦਾ ਹੈ ਪਰ ਆਪਦੇ ਖ਼ਲੀਫ਼ਾ ਨੇ ਖੱਲ੍ਹੇਆਮ ਮਹਾਸ਼ਕਤੀਆਂ ਨੂੰ ਸੰਬੋਧਨ ਕਰਕੇ ਗੱਲ ਕੀਤੀ ਹੈ ।

ਫਿਰ ਇਕ ਡੱਚ ਪਤੀ ਪਤਨੀ ਸਨ ਜੋ ਇਸ ਵਿੱਚ ਸ਼ਾਮਲ ਹੋਏ, ਉਹ ਕਹਿੰਦੇ ਹਨ ਕਿ ਜਲਸੇ ਦਾ ਮਹੌਲ ਬਹੁਤ ਵਿਚਿਤੱਰ ਸੀ, ਸਾਰੇ ਲੋਕ ਖ਼ੁਸ਼ ਅਖ਼ਲਾਕ ਸਨ, ਲਗੱਦਾ ਸੀ ਇਕ ਸਵਰਗ ਰੂਪ ਵਾਤਾਵਰਣ ਹੈ ਅਤੇ ਫਿਰ ਮੇਰੇ ਭਾਸ਼ਣ ਬਾਰੇ ਉਹਨਾ ਨੇ ਕਿਹਾ ਕਿ ਸਾਡੇ ਉਪੱਰ ਇਸ ਦਾ ਬਹੁਤ ਹੀ ਅਸਰ ਹੋਇਆ ਹੈ ਅਤੇ ਅਨੁਵਦਕਾਂ ਨੇ ਵੀ ਬਹੁਤ ਪ੍ਰਭਾਵਤ ਕੀਤਾ, ਬਹੁਤ ਚੰਗਾ ਅਨੁਵਾਦ ਨਾਲ ਦੇ ਨਾਲ ਹੋ ਰਿਹਾ ਸੀ । ਇਹ ਅਨੁਵਾਦਕਾਂ ਉਪੱਰ ਵੀ ਨਿਰਭਰ ਕਰਦਾ ਹੈ ਕਿ ਉਹ ਕਿਵੇਂ ਬਿਆਨ ਕਰਦੇ ਹਨ । ਇਸ ਲਈ ਸਾਡਾ ਇਹ ਜਤਨ ਹੋਣਾ ਚਾਹੀਦਾ ਹੈ ਕਿ ਅਨੁਵਾਦ ਦੇ ਵਿਭਾਗ ਐਮ.ਟੀ.ਏ. ਵਿੱਚ ਤਾਂ ਕਰਦੇ ਹੀ ਹਨ ਵੱਖ ਵੱਖ ਦੇਸ਼ਾਂ ਵਿੱਚ ਵੀ ਉਚਿਤ ਢੰਗ ਨਾਲ ਅਨੁਵਾਦ ਹੋਣੇ ਚਾਹੀਦੇ ਹਨ ਜੱਦ ਵੀ ਉੱਥੇ ਫ਼ੰਗਸ਼ਨ ਤੇ ਜਲਸੇ ਹੋਣ ।

ਇਕ ਮਹਿਮਾਨ ਡੈਨੀ ਹਾਰਕਿੰਗ ਸਾਹਬ ਕਹਿੰਦੇ ਹਨ ਕਿ ਮੈਂਨੂੰ ਇੱਥੇ ਬਹੁਤ ਚੰਗਾ ਅਨੁਭਵ ਹੋ ਰਿਹਾ ਹੈ ਅਤੇ ਆਪਦੇ ਖ਼ਲੀਫ਼ਾ ਵੀ ਅਮਨ ਤੇ ਆਪਸੀ ਭਾਈਚਾਰੇ ਦੀਆਂ ਗਲੱਾਂ ਕਰਦੇ ਹਨ । ਆਪਦੀ ਜਮਾਤ ਕੇਵਲ ਅਹਮਦੀਆਂ ਨਾਲ ਹੀ ਨਹੀਂ ਸਗੋਂ ਹਰ ਧਰਮ ਨਾਲ ਸੰਬੰਧ ਰਖੱਣ ਵਾਲਿਆਂ ਨਾਲ ਚੰਗਾ ਵਰਤਾਉ ਕਰਦੀ ਹੈ । ਆਪ ਨੇ ਦੁਨੀਆ ਵਿੱਚ ਫੈਲੀ ਬਦਅਮਨੀ ਦਾ ਜ਼ਿਕਰ ਕੀਤਾ ਹੈ ਅਤੇ ਅਮਨ ਦੀ ਸਥਾਪਨਾ ਦੀ ਲੋੜ ਉਪੱਰ ਜ਼ੋਰ ਦਿਤੱਾ ਹੈ । ਸਾਨੂੰ ਇਸ ਬਾਰੇ ਜਤਨ ਕਰਨਾ ਚਾਹੀਦਾ ਹੈ ਕਿ ਅਸੀਂ ਸਾਰੇ ਰਲਮਿਲ ਕੇ ਅਮਨ ਦੀ ਸਥਾਪਨਾ ਕਰੀਏ ।

ਹਾਲੈਂਡ ਵਿੱਚ ਅਲਮੇਰੇ ਸ਼ਹਿਰ ਵਿੱਚ ਮਸਜਿਦ ਦੇ ਉਦਘਾਟਨ ਵਿੱਚ ਅਲਮੇਰੇ ਚਰਚ ਦੇ ਚੇਅਰਮੈਨ ਹਾਈ ਓਵੇ ਤਜ਼ਲ ਸਾਹਬ ਆਏ ਹੋਏ ਸਨ ਕਹਿੰਦੇ ਹਨ ਕਿ ਆਪ ਦੀ ਜਮਾਤ ਦਾ ਸੰਦੇਸ਼ ਅਮਨ ਦਾ ਸੰਦੇਸ਼ ਹੈ ਆਪਦੇ ਖ਼ਲੀਫ਼ਾ ਨੇ ਅਮਨ ਅਤੇ ਧਰਮਕ ਆਜ਼ਾਦੀ ਉਪੱਰ ਬਹੁਤ ਹੀ ਚੰਗਾ ਭਾਸ਼ਣ ਦਿਤੱਾ ਹੈ । ਅਲਮੇਰੇ ਵਿੱਚ ਪਹਿਲਾਂ ਕੈਥੋਲਿਕਸ ਅਤੇ ਪ੍ਰੋਟੈਸਟੰਟ ਮਿਲਕੇ ਅਮਨ ਨਾਲ ਰਹਿੰਦੇ ਸਨ । ਹੁਣ ਆਸ ਹੈ ਕਿ ਅਹਮਦੀ ਵੀ ਸਾਡੇ ਨਾਲ ਰਲਮਿਲ ਕੇ ਅਮਨ ਨਾਲ ਰਹਿਣਗੇ ।

ਇਕ ਲੋਕਲ ਇਸਤਰੀ ਐਵਲਨ ਸਾਹਿਬਾ ਕਹਿੰਦੀ ਹਨ ਕਿ ਦੁੱਖ ਦੀ ਗੱਲ ਹੈ ਕਿ ਦੁਨੀਆ ਨੂੰ ਇਸਲਾਮ ਦਾ ਇਹ ਚਿਤੱਰ ਨਹੀਂ ਦਿਖਾਇਆ ਜਾਂਦਾ । ਆਪ ਦੀ ਜਮਾਤ ਦੇ ਲੋਕ ਬਹੁਤ ਮਿਹਨਤੀ ਅਤੇ ਮਹਿਮਾਨ ਨਵਾਜ਼ ਹਨ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਫਿਰ ਫ਼੍ਰਾਂਸ ਦਾ ਦੌਰਾ ਸੀ । ਉੱਥੇ ਜਲਸਾ ਸੀ ਉੱਥੇ ਵੀ ਗ਼ੈਰਮੁਸਲਮਾਨਾ ਨਾਲ ਬੈਠਕ ਸੀ, ਜਿਸ ਵਿੱਚ 75 ਦੇ ਲਗਭਗ ਮਹਿਮਾਨ ਆਏ ਹੋਏ ਸਨ । ਇਕ ਮਹਿਮਾਨ ਇਸਤਰੀ ਨੇ ਕਿਹਾ ਕਿ ਜੱਦ ਖ਼ਲੀਫ਼ਾ ਨੇ ਇਹ ਗੱਲ ਕੀਤੀ ਕਿ ਉਹ ਫ਼੍ਰਾਂਸ ਵਿੱਚ ਜੋ ਵੱਖ ਵੱਖ ਹਮਲੇ ਹੋਏ ਹਨ, ਉਹਨਾ ਦਾ ਖੰਡਨ ਕਰਦੇ ਹਨ ਤਾਂ ਉਹਨਾ ਨੇ ਸਪਸ਼ਟ ਕਰ ਦਿਤੱਾ ਕਿ ਇਸਲਾਮ ਦਾ ਅਜਿਹੇ ਹਮਲਿਆਂ ਨਾਲ ਕੋਈ ਸੰਬੰਧ ਨਹੀਂ ਹੈ । ਫਿਰ ਕਹਿੰਦੀ ਹਨ ਕਿ ਇਮਾਮ ਜਮਾਤ ਅਹਮਦੀਆ ਨੇ ਇਸਲਾਮ ਦਾ ਜੋ ਵਾਸਤਵਿਕ ਚਿਤੱਰ ਪੇਸ਼ ਕੀਤਾ ਹੈ ਇਸ ਤੋਂ ਪਤਾ ਲਗੱਦਾ ਹੈ ਕਿ ਮੁਸਲਮਾਨ ਅਸਾਨੀ ਨਾਲ ਪਛੱਮੀ ਦੁਨੀਆ ਵਿੱਚ ਇੰਟੈਗਰੈਟ ਹੋ ਸਕਦੇ ਹਨ ਅਤੇ ਜੋ ਇਹ ਕਹਿੰਦੇ ਹਨ ਕਿ ਪਛੱਮੀ ਦੁਨੀਆ ਵਿੱਚ ਇਸਲਾਮ ਲਈ ਕੋਈ ਥਾਂ ਨਹੀਂ ਹੈ ਮੁਸਲਮਾਨ ਉੱਥੇ ਮਿਲਕੇ ਨਹੀਂ ਰਹਿ ਸਕਦੇ ਉਹ ਗ਼ਲਤ ਕਹਿੰਦੇ ਹਨ । ਅਜਿਹੇ ਲੋਕਾਂ ਨੂੰ ਅੱਜ ਦਾ ਭਾਸ਼ਣ ਸੁਣਨਾ ਚਾਹੀਦਾ ਸੀ ।

ਮਰਾਕਸ਼ ਤੋਂ ਸੰਬੰਧ ਰਖੱਣ ਵਾਲੇ ਇਕ ਗ਼ੈਰ ਅਹਮਦੀ ਮਹਿਮਾਨ ਸੁਫ਼ਯਾਨ ਸਾਹਬ ਕਹਿੰਦੇ ਹਨ ਕਿ ਮੈਂਨੂੰ ਅੱਜ ਦੇ ਸੰਬੋਧਨ ਤੋਂ ਇਸ ਗੱਲ ਦਾ ਅੰਦਾਜ਼ਾ ਹੋਇਆ ਕਿ ਆਪ ਲੋਕ ਹੀ ਹਕੀਕੀ ਅਤੇ ਅਸਲ ਮੁਸਲਮਾਨ ਹਨ ਅਤੇ ਜੋ ਲੋਕ ਕਹਿੰਦੇ ਹਨ ਕਿ ਆਪ ਮੁਸਲਮਾਨ ਨਹੀਂ ਹਨ ਉਹ ਬਿਲਕੁਲ ਗ਼ਲਤ ਕਹਿੰਦੇ ਹਨ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਫਿਰ 8 ਅਕਤੂਬਰ ਨੂੰ ਯੁਨੈਸਕੋ ਵਿੱਚ ਪ੍ਰੋਗਰਾਮ ਸੀ । ਇਸ ਪ੍ਰੋਗਰਾਮ ਵਿੱਚ 91 ਮਹਿਮਾਨ ਸ਼ਾਮਲ ਹੋਏ ।

ਮਾਲੀ ਤੋਂ ਯੁਨੈਸਕੋ ਦੇ ਅੰਬੈਸਡਰ ਉਮਰ ਕੈਦਾ ਸਾਹਬ ਨੇ ਆਪਣੇ ਵਿਚਾਰ ਪ੍ਰਕਟ ਕਰਦਿਆਂ ਹੋਇਆਂ ਕਿਹਾ ਕਿ ਇਮਾਮ ਜਮਾਤ ਅਹਮਦੀਆ ਅਮਨ ਫੈਲਾ ਰਹੇ ਹਨ, ਮੈਂ ਆਪਦੇ ਅਮਨ ਦੇ ਸੰਦੇਸ਼ ਕਰਕੇ ਮੁਬਾਰਕਬਾਦ ਪੇਸ਼ ਕਰਦਾ ਹਾਂ । ਅੰਤਰ ਰਾਸ਼ਟਰੀ ਨਿਆਏ ਅਤੇ ਆਪਸੀ ਭਾਈਚਾਰੇ ਦਾ ਜੋ ਚਿਤੱਰ ਇਮਾਮ ਜਮਾਤ ਨੇ ਪੇਸ਼ ਕੀਤਾ ਹੈ ਦੁਨੀਆ ਨੂੰ ਇਸ ਦੀ ਅਤਿਅੰਤ ਲੋੜ ਹੈ ।

ਫਿਰ ਨੇਟੋ ਮੈਮੋਰੀਅਲ ਦੇ ਸਦਰ ਮਿਸਟਰ ਬ੍ਰੇਨਟਨ ਨੇ ਕਿਹਾ ਕਿ ਇਹ ਕਾਨਫ਼੍ਰੰਸ ਮਹਤੱਵਪੂਰਨ ਤੇ ਇਤਿਹਾਸਕ ਸੀ, ਇਸ ਰਾਹੀਂ ਅਮਨ, ਮਿਲਵਰਤਨ ਤੇ ਭਾਈਚਾਰਾ ਕਾਇਮ ਹੋ ਸਕਦਾ ਹੈ । ਮੇਰੀ ਇਛੱਾ ਹੈ ਕਿ ਵੱਧ ਤੋਂ ਵੱਧ ਲੋਕ ਜਮਾਤ ਅਹਮਦੀਆਂ ਦੇ ਇਮਾਮ ਦੇ ਇਸ ਸੰਦੇਸ਼ ਨੂੰ ਸੁਣਨ ।

ਫਿਰ ਫ਼੍ਰਾਂਸ ਵਿੱਚ ਮਾਲੀ ਨਾਲ ਸੰਬੰਧ ਰਖੱਣ ਵਾਲੇ ਕੈਥੋਲਿਕ ਲੋਕਾਂ ਦੀ ਐਸੋਸੀਏਸ਼ਨ ਦੇ ਪ੍ਰਧਾਨ ਦਿਆਲੂ ਸਾਹਬ ਵੀ ਇਸ ਪ੍ਰੋਗਰਾਮ ਵਿੱਚ ਸ਼ਾਮਲ ਸਨ, ਕਹਿੰਦੇ ਹਨ ਕਿ ਜੇਕਰ ਦੁਨੀਆ ਵਿੱਚ ਉਹ ਇਸਲਾਮ ਕਾਇਮ ਹੋਵੇ ਜੋ ਇਮਾਮ ਜਮਾਤ ਅਹਮਦੀਆ ਪੇਸ਼ ਕਰ ਰਹੇ ਹਨ ਤਾਂ ਦੁਨੀਆ ਦੀਆਂ ਸਾਰੀਆਂ ਸਮੱਸਿਆਵਾਂ ਖ਼ਤਮ ਹੋ ਜਾਣਗੀਆਂ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਫਿਰ ਸਟ੍ਰਾਸ ਬ੍ਰਗ ਫ਼੍ਰਾਂਸ ਵਿੱਚ ਮਸਜਿਦ ਦਾ ਉਦਘਾਟਨ ਸੀ । ਉੱਥੇ ਲਗਭਗ 191 ਮਹਿਮਾਨਾ ਨੇ ਭਾਗ ਲਿਆ । ਮੈਂਬਰ ਆਫ਼ ਫ਼੍ਰੰਚ ਪਾਰਲੀਮੈਂਟ ਮਾਰਟਨ ਸਾਹਿਬਾ ਨੇ ਕਿਹਾ ਕਿ ਮੈਂ ਬਹੁਤ ਖ਼ੁਸ਼ ਹਾਂ ਕਿ ਆਪ ਨੇ ਇਕ ਭਰਪੂਰ ਸੰਦੇਸ਼ ਦਿਤੱਾ ਹੈ ਇਕ ਅਮਨ ਦਾ ਸੰਦੇਸ਼, ਭਾਈਚਾਰੇ ਦਾ ਸੰਦੇਸ਼ ਅਤੇ ਇਹ ਸੰਦੇਸ਼ ਸਾਰੀ ਦੁਨੀਆ ਲਈ ਹੈ । ਫ਼੍ਰੰਚ ਲੋਕਾਂ ਨੂੰ ਇਸ ਅਸਲ ਅਤੇ ਹਕੀਕੀ ਇਸਲਾਮ ਨੂੰ ਜਾਨਣ ਦੀ ਲੋੜ ਹੈ ਜੋ ਖ਼ਲੀਫ਼ਾ ਨੇ ਪੇਸ਼ ਕੀਤਾ ਹੈ ।

ਇਕ ਮਹਿਮਾਨ ਨੇ ਕਿਹਾ ਕਿ ਮੇਰੇ ਲਈ ਆਪਣੀਆਂ ਭਾਵਨਾਵਾਂ ਵਰਨਣ ਕਰਨਾ ਅਸੰਭਵ ਹੈ ਮੈਂਨੂੰ ਇਸਲਾਮ ਦੀ ਇਸ ਤੰਜ਼ੀਮ ਦਾ ਪਹਿਲਾਂ ਬਿਲਕੁਲ ਵੀ ਪਤਾ ਨਹੀਂ ਸੀ । ਜੋ ਅੱਜ ਮੈਂ ਇੱਥੇ ਸੁਣਿਆ ਹੈ ਮੈਂ ਇਸ ਦੀ ਪ੍ਰਸ਼ੰਸਾ ਕੀਤੇ ਬਿਨਾ ਨਹੀਂ ਰਹਿ ਸਕਦਾ । ਇਸਲਾਮ ਦੀ ਇਹ ਸ਼ਾਖ਼ਾ ਅਮਨ ਪਸੰਦ ਸ਼ਾਖ਼ਾ ਹੈ ਇਹ ਇਸਲਾਮ ਦਾ ਅਸਲ ਚਿਤੱਰ ਹੈ, ਇਹ ਅਜਿਹਾ ਇਸਲਾਮ ਹੈ ਜਿਸ ਵਿੱਚ ਇਨਸਾਨੀਅਤ ਹੈ ਪਿਆਰ ਹੈ ਮੁਹਬੱਤ ਹੈ । ਹੁਣ ਮੈਂਨੂੰ ਪਤਾ ਲਗੱਾ ਹੈ ਕਿ ਜੋ ਇਸਲਾਮ ਸਾਨੂੰ ਦੱਸਿਆ ਜਾਂਦਾ ਹੈ ਉਹ ਇਸਲਾਮ ਨਹੀਂ ਸਗੋਂ ਕੋਈ ਹੋਰ ਸ਼ੈਅ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : 14 ਅਕਤੂਬਰ ਨੂੰ ਮਸਜਿਦ ਵੇਜ਼ਬਾਦਨ ਜਰਮਨੀ ਦਾ ਉਦਘਾਟਨ ਸੀ ਇਸ ਪ੍ਰੋਗਰਾਮ ਵਿੱਚ ਸ਼ਾਮਲ ਮਹਿਮਾਨਾ ਦੀ ਗਿਣਤੀ 370 ਸੀ । ਕੈਥੋਲਿਕ ਚਰਚ ਦੇ ਇਕ ਪਾਦਰੀ ਨੇ ਕਿਹਾ ਕਿ ਇਸ ਭਾਸ਼ਣ ਵਿੱਚ ਜੋ ਆਪਨੇ ਦਿਤੱਾ ਹੈ ਸਾਰੇ ਨੁਕਤੇ ਤੇ ਦ੍ਰਿਸ਼ਟੀਕੋਣ ਵਰਨਣ ਕਰ ਦਿੱਤੇ ਹਨ ਅਤੇ ਮੈਂ ਉਹਨਾ ਨਾਲ ਪੂਰਨ ਰੂਪ ਵਿੱਚ ਸਹਿਮਤੀ ਰਖੱਦਾ ਹਾਂ, ਕਾਸ਼ ਦੁਨੀਆ ਦੇ ਸਾਰੇ ਲੀਡਰ ਅਮਨ ਬਾਰੇ ਭਾਸ਼ਣ ਦੇਣ ਤਾਂ ਬਹੁਤ ਚੰਗਾ ਹੋਵੇ ।

ਫਿਰ ਇਕ ਇਸਤਰੀ ਵੇਨੀ ਸਾਹਿਬਾ ਜੋ ਸ਼ਹਿਰ ਵੇਜ਼ਬਾਨ ਦੇ ਪਾਰਲੀਮੈਂਟ ਵਿੱਚ ਇੰਟੈਗ੍ਰੇਟ ਵਿਭਾਗ ਲਈ ਕੰਮ ਕਰਦੀ ਹਨ, ਕਹਿੰਦੀ ਹਨ ਕਿ ਇਹ ਸੰਬੋਧਨ ਅਤਿਅੰਤ ਹੌਂਸਲਾ ਭਰਪੂਰ ਅਨੁਭਵ ਹੋਇਆ । ਇਕ ਗੱਲ ਜੋ ਮੇਰੇ ਲਈ ਅਤਿਅੰਤ ਮਹਤੱਵਪੂਰਨ ਹੈ ਅਤੇ ਮੈਂਨੂੰ ਕਦੇ ਨਹੀਂ ਭੁੱਲੇਗੀ ਉਹ ਇਹ ਹੈ ਕਿ ਸਾਰਿਆਂ ਅਹਮਦੀਆਂ ਨੂੰ ਆਪਣੇ ਵਾਤਾਵਰਣ ਲਈ ਲਾਹੇਵੰਦ ਵੁਜੂਦ ਬਣਨਾ ਚਾਹੀਦਾ ਹੈ । ਜੇਕਰ ਸਾਰੇ ਮੁਸਲਮਾਨ ਫ਼ਿਰਕੇ ਆਪ ਅਹਮਦੀਆ ਵਾਂਗ ਓਪਨ ਮਾਈਂਡਡ ਹੁੰਦੇ ਤਾਂ ਸਾਡਾ ਆਪੋ ਵਿੱਚ ਮਿਲਜੁਲ ਕੇ ਰਹਿਣਾ ਬਹੁਤ ਸੌਖਾ ਹੋ ਜਾਂਦਾ । ਹਜ਼ੂਰ ਅਨਵਰ ਨੇ ਫ਼ਰਮਾਇਆ : ਇੱਥੇ ਇਹ ਵੀ ਸਪਸ਼ਟ ਕਰ ਦਿਆਂ ਕਿ ਬੇਸ਼ਕ ਅਸੀਂ ਮਿਲਜੁਲਕੇ ਤਾਂ ਰਹਿੰਦੇ ਹਾਂ ਪਰ ਕਈ ਲੋਕ ਕਈ ਵਾਰ ਮੁਦਾਹਨਤ (ਅੰਦਰ ਹੋਰ ਤੇ ਬਾਹਰ ਹੋਰ) ਦਾ ਪ੍ਰਗਟਵਾ ਕਰ ਦਿੰਦੇ ਹਨ । ਇਸ ਲਈ ਆਪਣੀ ਤਾਲੀਮ ਦੇ ਅੰਦਰ ਰਹਿੰਦਿਆਂ ਹੋਇਆਂ ਆਪ ਗਲੱਾਂ ਕਰੋ ਅਤੇ ਇਸੇ ਅਖ਼ਲਾਕੀ ਦਾਇਰੇ ਵਿੱਚ ਰਹਿੰਦਿਆਂ ਹੋਇਆਂ ਅਰਾਮ ਨਾਲ ਤਾਲੀਮ ਦੱਸੀ ਜਾ ਵੀ ਸਕਦੀ ਹੈ ਹੈ ਇਸ ਲਈ ਡਰਨ ਦੀ ਲੋੜ ਨਹੀਂ ਹੈ । ਇੰਟੈਗਰੇਸ਼ਨ ਦਾ ਅਰਥ ਇਹ ਹੈ ਕਿ ਚੰਗੇ ਆਚਰਣਾ ਦਾ ਪ੍ਰਗਟਾਵਾ ਕਰਦਿਆ ਹੋਇਆਂ ਇਸਲਾਮ ਦੀ ਤਾਲੀਮ ਸਪਸ਼ਟ ਕੀਤੀ ਜਾਵੇ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਫਿਰ ਫ਼ਿਲਡਾ ਵਿੱਚ ਮਸਜਿਦ ਬੈਤੁਲ ਹਮੀਦ ਦਾ ਉਦਘਾਟਨ ਹੋਇਆ ਇਸ ਪ੍ਰੋਗਰਾਮ ਵਿੱਚ ਵੀ 330 ਮਹਿਮਾਨ ਸ਼ਾਮਲ ਹੋਏ ।

ਇਕ ਸਾਹਬ ਹਾਰਲ ਸਾਹਬ ਨੇ ਕਿਹਾ ਕਿ ਇਸ ਤੋਂ ਪਹਿਲਾਂ ਜੋ ਸਾਨੂੰ ਇਸਲਾਮੀ ਸਿੱਖਿਆ ਬਾਰੇ ਪਰੀਚੈ ਸੀ ਉਹ ਇਸਲਾਮ ਦਾ ਠੀਕ ਚਿਤਰਣ ਪੇਸ਼ ਨਹੀਂ ਕਰਦਾ, ਇਸ ਲਈ ਅੱਜ ਦੀ ਸ਼ਾਮ ਮੇਰੇ ਲਈ ਇਕ ਧਨਾਤਮਕ ਤੇ ਅਮਨ ਭਰਪੂਰ ਸੰਦੇਸ਼ ਲਿਆਈ ਹੈ ।

ਇਕ ਲੋਕਲ ਟੀਚਰ ਨੇ ਹਜ਼ੂਰ ਅਨਵਰ ਨੇ ਭਾਸ਼ਣ ਬਾਰੇ ਕਿਹਾ ਕਿ ਇਸ ਨੂੰ ਸਕੂਲ ਵਿੱਚ ਵਿਦਿਆਰਥੀਆਂ ਨੂੰ ਸੁਣਾਕੇ ਪੁਛੱਣਾ ਚਾਹੀਦਾ ਹੈ ਕਿ ਆਪ ਇਸ ਤੋਂ ਕੀ ਸਮਝੇ ਅਤੇ ਆਪ ਦੇ ਵਿਚਾਰ ਵਿੱਚ ਇਹ ਸੁੰਦਰ ਸਿੱਖਿਆ ਕਿਸ ਧਰਮ ਦੀ ਹੋ ਸਕਦੀ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਬਰਲਿਨ ਵਿੱਚ ਇਸਲਾਮ ਐਂਡ ਯੁਰੋਪ ਦੇ ਵਿਸ਼ੇ ਉਪੱਰ ਭਾਸ਼ਣ ਸੀ । ਇਲੈਗਜ਼ੰਡਰ ਸਾਹਬ ਜੋ ਮੈਂਬਰ ਪਾਰਲੀਮੈਂਟ ਹਨ ਕਹਿੰਦੇ ਹਨ ਕਿ ਬੇਸ਼ਕ ਇਹ ਵਿਸ਼ੈ ਨਵੀਨ ਸੀ ਅਤੇ ਵਰਤਮਾਨ ਤਕਾਦਿਆਂ ਨਾਲ ਭਰਪੂਰ ਸੀ ਪਰ ਖ਼ਲੀਫ਼ਾ ਨੇ ਆਪਣੇ ਉਦੇਸ਼ ਨੂੰ ਪੁਰਾਤਨ ਇਸਲਾਮੀ ਵਿਸ਼ਿਆਂ ਦੀ ਸਪੋਰਟ ਨਾਲ ਸਾਬਤ ਕੀਤਾ ਕਿ ਇਸਲਾਮ ਤੇ ਕੁਰਆਨ ਕਰੀਮ ਨੇ ਧਰਮ ਦੀ ਨੀਂਹ ਪਹਿਲੇ ਦਿਨ ਤੋਂ ਹੀ ਮਨੁੱਖੀ ਹਮਦਰਦੀ, ਅਮਨ ਤੇ ਸਲਾਮਤੀ ਦੀ ਤਾਲੀਮ ਉਪੱਰ ਰੱਖੀ ।

ਪ੍ਰੋਫ਼ੈਸਰ ਹੇਅਰਬੱਟ ਹੈਡੇ ਕਹਿੰਦੇ ਹਨ ਕਿ ਜਮਾਤ ਨੂੰ ਤਾਲੀਮੀ ਖੇਤਰ ਵਿੱਚ ਨੁਮਾਇਆਂ (ਫ਼ੀਚਰਡ, ਹਾਈਲਾਈਟ) ਕਰਕੇ ਹੋਰਨਾ ਧਾਰਮਕ ਜੱਥੇਬੰਦੀਆਂ ਤੋਂ ਵਿਸ਼ੇਸ਼ ਅਸਥਾਨ ਉਪੱਰ ਖੜਾ ਕਰ ਦਿਤੱਾ ।

ਸਬੀਨ ਲੈਡਨ ਸਾਹਿਬਾ ਹਨ ਕਹਿੰਦੀ ਹਨ, ਇਮਾਮ ਜਮਾਤ ਅਹਮਦੀਆ ਨੇ ਆਉਣ ਵਾਲੀਆਂ ਮਨੁੱਖੀ ਨਸਲਾਂ ਦੇ ਦਰਦ ਨੂੰ ਜਿਸ ਪ੍ਰਕਾਰ ਸਮੇਂ ਤੋਂ ਪਹਿਲਾਂ ਅਨੁਭਵ ਕਰਕੇ ਅੱਜ ਦੀ ਲੀਡਰਸ਼ਿਪ ਨੂੰ ਖ਼ਬਰਦਾਰ ਕੀਤਾ ਹੈ ਇਸ ਦਾ ਮੇਰੇ ਮਨ'ਤੇ ਡੂੰਘਾ ਪ੍ਰਭਾਵ ਹੈ ।

ਇਕ ਮਹਿਮਾਨ ਕਹਿੰਦੀ ਹਨ ਕਿ ਜੋ ਗੱਲ ਮੈਂਨੂੰ ਖ਼ਲੀਫ਼ਾ ਦੇ ਭਾਸ਼ਣ ਵਿੱਚ ਬਹੁਤ ਮਹਤੱਵਪੂਰਨ ਲੱਗੀ ਉਹ ਤਾਲੀਮ ਤੇ ਤਰਬੀਯਤ ਦੀ ਮਹਤੱਾ ਹੈ ਕਿਉਂਕਿ ਜੱਦ ਮਨੁੱਖਾਂ ਨੂੰ ਪਤਾ ਹੋਵੇ ਕਿ ਉਹਨਾਂ ਦੀ ਪਵਿਤੱਰ ਕਿਤਾਬ ਕੀ ਸਿੱਖਿਆ ਦਿੰਦੀ ਹੈ ਫਿਰ ਬਹੁਤ ਸਾਰੀਆਂ ਔਕੁੜਾਂ ਤੋਂ ਅਸੀਂ ਬੱਚ ਸਕਦੇ ਹਾਂ । ਹਜ਼ੂਰ ਅਨਵਰ ਦੇ ਅਹਮਦੀ

ਨੌਜੁਆਨਾ ਨੂੰ ਸੰਬੋਧਨ ਕਰਕੇ ਫ਼ਰਮਾਇਆ : ਇਹ ਅੱਜ ਅਹਮਦੀ ਨੌਜੁਆਨਾਂ ਦੀ ਵੀ ਜ਼ਿੰਮੇਦਾਰੀ ਹੈ ਕਿ ਵਿਸ਼ੇਸ਼ ਰੂਪ ਵਿੱਚ ਕੁਰਆਨ ਕਰੀਮ ਨੂੰ ਪੜ੍ਹਨ ਅਤੇ ਸਮਝਣ ਤਾਂ ਜੋ ਇਹਨਾ ਨੂੰ ਸਮਝਾਇਆ ਜਾਵੇ ਅਤੇ ਇਹ ਲੋਕ ਫਿਰ ਮਜਬੂਰ ਹੋਣਗੇ ਕਿ ਇਸ'ਤੇ ਗ਼ੌਰ ਕਰਨ ਅਤੇ ਇਸ ਦੀ ਦਾਨਾਈ ਨੂੰ ਸਮਝਣ, ਇਸ ਤਾਲੀਮ ਉਪੱਰ ਅਮਲ ਕਰਨ ਜਾਂ ਇਸ ਤਾਲੀਮ ਨੂੰ ਮਨੰਣ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਫਿਰ ਮਸਜਿਦ ਮਹਦੀ ਅਬਾਦ ਦਾ ਉਦਘਾਟਨ ਸੀ । ਇਸ ਪ੍ਰੋਗਰਾਮ ਵਿੱਚ 170 ਮਹਿਮਾਨ ਸ਼ਾਮਲ ਹੋਏ । ਇਕ ਮਹਿਮਾਨ ਜੋ ਵਾਇਸ ਮੇਅਰ ਹਨ ਕਹਿੰਦੀ ਹਨ ਕਿ ਮੈਂ ਵਾਪਸ ਜਾਕੇ ਜ਼ਰੂਰ ਖ਼ਲੀਫ਼ਾ ਦੀਆਂ ਗਲੱਾਂ ਨੂੰ ਫੈਲਾਵਾਂਗੀ । ਅਤੇ ਜੱਦ ਵੀ ਕੋਈ ਇਸਲਾਮ ਉਪੱਰ ਇਤਰਾਜ਼ ਕਰੇਗਾ ਤਾਂ ਮੈਂ ਸਮੇਂ ਦੇ ਖ਼ਲੀਫ਼ਾ ਦੇ ਫ਼ਰਮਾਨ ਨੂੰ ਪੇਸ਼ ਕਰਦਿਆਂ ਹੋਇਆਂ ਇਸ ਦੀ ਪ੍ਰਤੀ ਰੱਖਿਆ ਕਰਨ ਦਾ ਜਤਨ ਕਰਾਂਗੀ ।

ਹਜ਼ੂਰ ਅਪਵਰ ਨੇ ਫ਼ਰਮਾਇਆ : ਨਮਾਜ਼ਾਂ ਦੇ ਬਾਦ ਮੈਂ ਇਕ ਜਨਾਜ਼ਾਹ ਗ਼ਾਇਬ ਵੀ ਪੜ੍ਹਾਵਾਂਗਾ ਜੋ ਮੁਕਰੱਮ ਮੌਲਵੀ ਮਹਮੂਦ ਅਹਮਦ ਸਾਹਬ ਮੁਬਲੱਗ਼ ਸਿਲਸਿਲਾ ਪਾਲਘਾਟ ਕੇਰਾਲਾ ਭਾਰਤ ਦਾ ਹੈ । 54 ਸਾਲ ਦੀ ਉਮਰ ਵਿੱਚ 15 ਅਕਤੂਬਰ ਨੂੰ ਉਹਨਾ ਦੀ ਵਫ਼ਾਤ ਹੋਈ ਸੀ । (اناللهواناالیہراجعون) ਇਹਨਾ ਦੇ ਖ਼ਾਨਦਾਨ ਵਿੱਚ ਅਹਮਦੀਅਤ ਉਹਨਾ ਦੇ ਪਿਤਾ ਮੁਕਰੱਮ ਮੌਲਵੀ ਕੇ ਮੁਹਮੱਦ ਅਲਵੀ ਸਾਹਬ ਰਾਹੀਂ ਆਈ ਸੀ ਜੋ ਕਿ ਗ਼ੈਰ ਅਹਮਦੀਆਂ ਦੇ ਪ੍ਰਸਿੱਧ ਵਿਦਵਾਨ ਸਨ । ਅਹਮਦੀਅਤ ਕੁਬੂਲ ਕਰਨ ਕਰਕੇ ਉਹਨਾ ਨੂੰ ਕਰੜੀ ਵਿਰੋਧਤਾ ਦਾ ਸਾਹਮਣਾ ਕਰਨਾ ਪਿਆ । ਇਹਨਾ ਰਾਹੀਂ ਹੀ ਸੂਬਾ ਕੇਰਾਲਾ ਵਿੱਚ ਸੈਂਕੜਿਆਂ ਲੋਕਾਂ ਨੂੰ ਅਹਮਦੀਅਤ ਕੁਬੂਲ ਕਰਨ ਦਾ ਸੰਜੋਗ ਪ੍ਰਾਪਤ ਹੋਇਆ । ਮਰਹੂਮ ਮੌਲਵੀ ਕੇ ਮਹਮੂਦ ਅਹਮਦ ਸਾਹਬ ਨੇ ਆਪਣੇ ਪਿਤਾ ਦੀ ਨਸੀਹਤ ਉਪੱਰ ਕਾਲਜ ਦੀ ਪੜ੍ਹਾਈ ਛਡੱਕੇ ਜਾਮਿਆ ਅਹਮਦੀਆ ਵਿੱਚ ਦਾਖ਼ਲਾ ਲੈ ਲਿਆ ਸੀ ਅਤੇ 1988 ਈ. ਵਿੱਚ ਜਾਮਿਆ ਪਾਸ ਕੀਤਾ । ਮਰਹੂਮ ਇਕ ਬਹੁਤ ਵੱਡੇ ਆਲਮ ਸਨ । ਮੁਤੱਕੀ, ਰੋਜ਼ੇ ਤੇ ਨਮਾਜ਼ਾਂ ਦੇ ਪਾਬੰਦ, ਤਹਜੁੱਦ ਪੜ੍ਹਨ ਵਾਲੇ, ਦੁਆ ਕਰਨ ਵਾਲੇ, ਸੰਤੋਖੀ ਤੇ ਸ਼ੁਕਰ ਕਰਨ ਵਾਲੇ ਸਾਦਾ ਮਨੁੱਖ ਸਨ । ਕੁਰਆਨ ਕਰੀਮ, ਹਦੀਸ, ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀਆਂ ਅਤੇ ਖ਼ਲੀਫ਼ਾ ਸਾਹਿਬਾਨ ਦੀਆਂ ਕਿਤਾਬਾਂ ਦਾ ਡੂੰਘਾ ਗਿਆਨ ਸੀ । ਅਰਬੀ, ਉਰਦੂ, ਮਲਯਾਲਮ ਅਤੇ ਤਾਮਿਲ ਭਾਸ਼ਾਵਾਂ'ਤੇ ਪੱਕੀ ਪਕੜ ਸੀ । ਮਰਹੂਮ ਕੋਲ ਆਪਣੀ ਵਿਅਕਤੀਗੱਤ ਲਾਇਬ੍ਰੇਰੀ ਸੀ । ਇਸ ਵਿੱਚ ਅਨੇਕਾਂ ਦੁਰਲੱਭ ਪੁਸਤਕਾਂ ਸਨ । ਸੂਬਾ ਕੇਰਾਲਾ ਤਾਮਿਲ ਨਾਡੂ ਲਕਸ਼ਦੀਪ ਅਤੇ ਦੇਸ਼ ਤੋਂ ਬਾਹਰ ਕੁਵੈਤ ਵਿੱਚ ਸੇਵਾ ਕਰਨ ਦਾ ਸੁਅਵਸਰ ਪ੍ਰਾਪਤ ਹੋਇਆ । ਇਕ ਚੰਗੇ ਬੁਲਾਰੇ ਅਤੇ ਮੁਨਾਜ਼ਿਰਾਹ (ਬਹਿਸ ਮੁਬਾਹਸਾ) ਕਰਨ ਵਾਲੇ ਵੀ ਸਨ । ਹਜ਼ਰਤ ਖ਼ਲੀਫ਼ਾਤੁਲ ਮਸੀਹ ਰਾਬੇ ਰਹਿਮਾਹੁਲੱਾਹ ਤਆਲਾ ਦੇ ਫ਼ਰਮਾਨ'ਤੇ 1994 ਈ. ਵਿੱਚ ਇਹਨਾ ਨੂੰ ਮੁਹਤਰਮ ਮੌਲਾਨਾ ਦੋਸਤ ਮੁਹਮੱਦ ਸਾਹਬ ਸ਼ਾਹਿਦ ਅਤੇ ਹਾਫ਼ਜ਼ ਮੁਜ਼ਫੱਰ ਅਹਮਦ ਸਾਹਬ ਦੇ ਨਾਲ ਜਮਾਤ ਦੇ ਇਕ ਕਟੱਰ ਵਿਰੋਧੀ ਮੌਲਵੀ ਨਾਲ ਮੁਨਾਜ਼ਰਾਹ ਕਰਨ ਦਾ ਵੀ ਸੰਜੋਗ ਪ੍ਰਾਪਤ ਹੋਇਆ । ਮਰਹੂਮ ਮੂਸੀ ਸਨ, ਪਿਛੋਕੜ ਵਿੱਚ ਦੋ ਪਤਨੀਆਂ ਅਤੇ ਤਿੰਨ ਪੁਤੱਰੀਆਂ ਸ਼ਾਮਲ ਹਨ । ਦਾਮਾਦ ਰੱਬ ਦੀ ਮਿਹਰ ਨਾਲ ਵਾਕਫ਼ੇ ਜ਼ਿੰਦਗੀ ਹਨ । ਇਹਨਾ ਦੇ ਇਕ ਦਾਮਾਦ ਲਿਖੱਦੇ ਹਨ ਕਿ ਆਪ ਜਾਮਿਆ ਦੇ ਅਖ਼ੀਰਲੇ ਸਾਲ ਛੁੱਟੀਆਂ ਵਿੱਚ ਆਪ ਪਿਤਾ ਜੀ ਦੇ ਨਿਰਦੇਸ਼ ਉਪੱਰ ਘਰ ਨਹੀਂ ਗਏ ਸਗੋਂ ਦੋ ਮਹੀਨੇ ਕੇਵਲ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀਆਂ ਕਿਤਾਬਾਂ ਦਾ ਅਧਿਐਨ ਕਰਨ ਲਈ ਵਕਫ਼ ਕਰ ਦਿੱਤੇ । ਜਾਮਿਆ ਦੇ ਵਿਦਿਆਰਥੀਆਂ ਲਈ ਇਕ ਬਹੁਤ ਵਡੱਾ ਨਮੂਨਾ ਹੈ । 1998 ਈ. ਵਿੱਚ ਅਤੇ 2015 ਈ. ਵਿੱਚ ਅੰਜੁਮਨ ਇਸ਼ਾਅਤੇ ਇਸਲਾਮ ਦੇ ਨਾਲ ਜਮਾਤ ਦੇ ਇਤਿਹਾਸਕ ਮੁਨਾਜ਼ਰੇ ਹੋਏ ਜਿਸ ਵਿੱਚ ਇਹਨਾ ਨੂੰ ਮੁਨਾਜ਼ਿਰ ਦੇ ਰੂਪ ਵਿੱਚ ਸੇਵਾ ਬਜਾ ਲਿਆਉਣ ਦਾ ਸੁਅਵਸਰ

ਪ੍ਰਾਪਤ ਹੋਇਆ । ਇਸ ਤੋਂ ਬਿਨਾ ਅਹਿਲੇ ਕੁਰਆਨ ਅਤੇ ਅਹਿਲੇ ਹਦੀਸ ਦੇ ਨਾਲ ਵੀ ਕੇਵਲ ਰੱਬ ਦੀ ਮਿਹਰ ਨਾਲ ਆਪ ਦੇ ਸਫ਼ਲ ਮੁਬਾਹਿਸੇ ਕਰਨ ਦੀ ਤੌਫ਼ੀਕ ਪ੍ਰਾਪਤ ਕੀਤੀ । ਮਰਹੂਮ ਨਮਾਜ਼ਾਂ ਦੇ ਪਾਬੰਦ ਸਨ । ਛੋਟੀ ਉਮਰ ਤੋਂ ਹੀ ਤਹਜੁੱਦ ਪੜ੍ਹਨ ਦੇ ਆਦੀ ਸਨ । ਇਹਨਾ ਦੇ ਦਾਮਾਦ ਲਿਖੱਦੇ ਹਨ ਕਿ ਲੜਕਪਨ ਦੀ ਇਕ ਘਟਨਾ ਹੈ ਕਿ ਇਹ ਵਾਰ ਮਰਹੂਮ ਨਮਾਜ਼ ਤਹਜੁੱਦ ਨਹੀਂ ਪੜ੍ਹ ਸਕੇ ਜਿਸ'ਤੇ ਪਿਤਾ ਜੀ ਨੇ ਕਿਹਾ ਕਿ ਬੇਟ, ਕੀ ਆਪ ਨਹੀਂ ਚਾਹੁੰਦੇ ਕਿ ਆਪਨੂੰ ਮੁਕਾਮੇ ਮਹਮੂਦ ਮਿਲੇ । ਉਸ ਦਿਨ ਤੋਂ ਆਪ ਨੇ ਇਸ ਵਸੀਅਤ ਨੂੰ ਪੱਲੇ ਬੰਨ੍ਹ ਲਿਆ ਅਤੇ ਉਮਰ ਭਰ ਇਸ ਉਪੱਰ ਅਮਲ ਕੀਤਾ । ਇੱਥੋ ਤੱਕ ਬਿਮਾਰੀ ਅਤੇ ਅਤਿ ਕਮਜ਼ੋਰੀ ਦੀ ਹਾਲਤ ਵਿੱਚ ਇਸ'ਤੇ ਕਾਇਮ ਰਹੇ । ਖ਼ਿਲਾਫ਼ਤ ਨਾਲ ਨਿਛਾਵਰ ਹੋਣ ਤੱਕ ਪ੍ਰੇਮ ਤੇ ਅਕੀਦਤ ਸੀ ਅਤੇ ਨੇਕੀ ਦਾ ਡੂੰਘਾ ਸੰਬੰਧ ਸੀ । ਤਾਲੀਮੀ, ਤਰਬੀਯਤੀ ਤੇ ਪ੍ਰਚਾਰਕ ਬੈਠਕਾਂ ਵਿੱਚ ਵਡੱਾ ਭਾਗ ਖ਼ਿਲਾਫ਼ਤ ਲਈ ਵਿਸ਼ੇਸ਼ ਹੁੰਦਾ ਸੀ । ਅਤੇ ਇਸ ਵਿਸ਼ੇ ਉਪੱਰ ਗੱਲ ਕਰਦਿਆਂ ਹੋਇਆਂ ਅਧਿਕਤਰ ਜਜ਼ਬਾਤੀ ਹੋ ਜਾਇਆ ਕਰਦੇ ਸਨ । 2015 ਈ. ਵਿੱਚ ਇਕ ਇਸਤਰੀ ਆਪਣੇ ਬੱਚਿਆਂ ਸਣੇ ਅਹਮਦੀ ਹੋਈ, ਇਹਨਾਂ ਦੇ ਪਤੀ ਵਿਦੇਸ਼ ਵਿੱਚ ਸਨ, ਜੱਦ ਉਹ ਆਏ ਤਾਂ ਉਹਨਾਂ ਨੇ ਪ੍ਰਚਾਰ ਕੀਤਾ । ਉਹਨਾਂ ਨੇ ਇਕ ਪ੍ਰਸ਼ਨ ਕੀਤਾ ਕਿ ਖ਼ਿਲਾਫ਼ਤ ਨੂੰ ਮੰਨ੍ਹਣ ਦੀ ਕੀ ਲੋੜ ਹੈ । ਇਸ'ਤੇ ਇਸ ਮਰਹੂਮ ਨੇ ਮਨਸਬੇ ਖ਼ਿਲਾਫ਼ਤ ਅਤੇ ਖ਼ਿਲਾਫ਼ਤ ਦੀ ਮਹਤੱਾ ਤੇ ਬਰਕਤਾਂ ਬਾਰੇ ਐਨ੍ਹੇ ਭਾਵਨਾਤਮਕ ਰੂਪ ਵਿੱਚ ਗਲੱਾਂ ਕੀਤੀਆਂ ਕਿ ਉਹਨਾਂ ਦੀਆਂ ਅਖੱਾਂ ਹੰਝੂਆਂ ਨਾਲ ਭਰ ਗਈਆਂ ਅਤੇ ਜਿਸ ਦਾ ਉਸ ਗ਼ੈਰ ਅਜ਼ ਜਮਾਤ ਉਪੱਰ ਵੀ ਅਜਿਹਾ ਪ੍ਰਭਾਵ ਹੋਇਆ ਕਿ ਝੱਟ ਉਹਨਾ ਨੇ ਬੈਅਤ ਕਰ ਲਈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਹਕੀਕਤ ਵਿੱਚ ਉਹ ਖ਼ਿਲਾਫ਼ਤ ਦੇ ਸੁਲਾਤਾਨੇ ਨਸੀਰ ਸਨ । ਅਲੱਾਹ ਤਆਲਾ ਉਹਨਾ ਨਾਲ ਬਖ਼ਸ਼ਿਸ਼ ਤੇ ਮਿਹਰ ਦਾ ਸੁਲੂਕ ਕਰੇ, ਉਹਨਾ ਦੇ ਦਰਜਿਆਂ ਨੂੰ ਬੁਲੰਦ ਕਰੇ ਅਤੇ ਇਹਨਾ ਦੀ ਸੰਤਾਨ ਨੂੰ ਵੀ ਇਹਨਾ ਦੀਆਂ ਨੇਕੀਆਂ ਨੂੰ ਜਾਰੀ ਰਖੱਣ ਦੀ ਤੌਫ਼ੀਕ ਪ੍ਰਦਾਨ ਕਰੇ ।

**Khulasa Khutba Jumma 01.11.2019**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131